ਪੰਜਾਬ ਸਕੂਲ ਸਿੱਖਿਆ ਬੋਰਡ
ਐਸ. ਏ. ਐਸ. ਨਗਰ (ਮੋਹਾਲੀ) - 160 062
PUNJAB SCHOOL EDUCATION BOARD
S.A.S. Nagar (Mohali) - 160 062

ਨੰਬਰ 14/COE
ਮਿਤੀ 01/11/2023

ਵੱਲ

ਸਮੂਹ ਸਕੂਲ ਮੁੱਖੀ,
ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲ,
ਪੰਜਾਬ।

**ਵਿਸ਼ਾ:- ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2023 ਸਬੰਧੀ।**

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਪੰਜਾਬ ਦੱਖਣੀ ਏਸ਼ੀਆ ਦੇ ਪ੍ਰਮੁੱਖ ਭੂ-ਰਾਜਨੀਤਿਕ, ਸੱਭਿਆਚਾਰਕ ਅਤੇ ਇਤਿਹਾਸਿਕ ਖੇਤਰ ਵਿੱਚੋਂ ਇੱਕ ਹੈ ਅਤੇ ਪੰਜਾਬ ਭਾਰਤ ਦਾ ਇੱਕ ਖੁਸ਼ਹਾਲ ਰਾਜ ਹੈ। ਇਸ ਨੂੰ ਆਪਣੇ ਵਿਲੱਖਣ ਸੱਭਿਆਚਾਰ, ਵਿਰਸੇ, ਇਤਿਹਾਸ, ਸੰਗੀਤ, ਸੈਰ-ਸਪਾਟਾ ਸਥਾਨਾਂ, ਆਪਣੇ ਰਵਾਇਤੀ ਭੋਜਨ ਅਤੇ ਪ੍ਰਾਹੁਣਚਾਰੀ ਸਦਕਾ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ। ਪੰਜਾਬੀ ਸੰਗੀਤ ਦੁਨੀਆਂ ਭਰ ਵਿੱਚ ਤੇਜ਼ੀ ਨਾਲ ਪ੍ਰਸਿੱਧ ਅਤੇ ਹਰਮਨ ਪਿਆਰਾ ਹੋ ਰਿਹਾ ਹੈ। ਸੱਭਿਅਤਾ ਦੇ ਪੰਘੂੜੇ ਵਜੋਂ ਵਿਆਪਕ ਤੌਰ 'ਤੇ ਜਾਣੀ ਜਾਂਦੀ ਇਹ ਧਰਤੀ ਨਸਲੀ ਅਤੇ ਧਾਰਮਿਕ ਵਿਭਿੰਨਤਾ ਦੀ ਧਰਤੀ ਹੈ, ਜਿਸ ਨੇ ਸਿੱਖ ਧਰਮ, ਬੁੱਧ ਧਰਮ ਅਤੇ ਸੂਫੀਵਾਦ ਸਮੇਤ ਕਈ ਧਾਰਮਿਕ ਅੰਦੋਲਨਾਂ ਨੂੰ ਜਨਮ ਅਤੇ ਆਕਾਰ ਦਿੱਤਾ ਹੈ। ਪੰਜਾਬੀ ਭਾਸ਼ਾ ਦਾ ਮੂਲ ਵੀ ਇੰਡੋ-ਯੂਰਪੀਅਨ ਭਾਸ਼ਾਈ ਪਰਿਵਾਰ ਵਿੱਚੋਂ ਹੋਇਆ ਹੈ, ਜਿਸ ਵਿੱਚ ਫਾਰਸੀ ਅਤੇ ਲਾਤੀਨੀ ਵੀ ਸ਼ਾਮਲ ਹਨ।

ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਵੱਸਦੇ ਪੰਜਾਬੀ, ਪੰਜਾਬ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਹਨ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਦੀ ਇੱਛਾ ਹੈ ਕਿ ਉਨ੍ਹਾਂ ਦੀਆਂ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਪੰਜਾਬ, ਇਸ ਦੀ ਭਾਸ਼ਾ, ਇਸ ਦੇ ਅਮੀਰ ਵਿਰਸੇ, ਮਾਰਗ-ਦਰਸ਼ਕ ਇਤਿਹਾਸ ਆਦਿ ਨਾਲ ਜੁੜੇ ਰਹਿਣ।

ਇਸ ਤੋਂ ਇਲਾਵਾ, ਹਰ ਭਾਸ਼ਾ ਦੀ ਆਪਣੀ ਵਿਲੱਖਣ ਸੁੰਦਰਤਾ ਹੁੰਦੀ ਹੈ ਅਤੇ ਇਹ ਉਸ ਭਾਈਚਾਰੇ ਦੇ ਵੱਖਰੇ ਸੱਭਿਆਚਾਰ ਅਤੇ ਵਿਰਾਸਤ ਨੂੰ ਦਰਸਾਉਂਦੀ ਹੈ ਜਿਸ ਨਾਲ ਇਹ ਜੁੜੀ ਹੋਈ ਹੈ। ਬਹੁ- ਭਾਸ਼ਾਵਾਂ ਦੀ ਸਹਿ-ਹੋਂਦ ਇੱਕ ਦੂਜੇ ਨੂੰ ਪੂਰਕ ਅਤੇ ਅਮੀਰ ਬਣਾਉਂਦੀ ਹੈ ਅਤੇ ਵਿਸ਼ਵ ਭਰ ਵਿੱਚ ਬਹੁ-ਸੱਭਿਆਚਾਰਕ ਸਮਾਜਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਏਕਤਾ ਵਿੱਚ ਯੋਗਦਾਨ ਪਾਉਂਦੀ ਹੈ, ਜਿਸ ਵਿੱਚ ਉਹ ਇੱਕ ਦੂਜੇ ਦੀਆਂ ਭਾਸ਼ਾਵਾਂ, ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦੀ ਕਦਰ ਅਤੇ ਸਤਿਕਾਰ ਕਰਦੇ ਹਨ।

ਇਸ ਪਿਛੋਕੜ ਵਿੱਚ ਪੰਜਾਬੀ ਭਾਸ਼ਾ ਦੇ ਸੁਹਜ ਅਤੇ ਸੁਹੱਪਣ, ਇਸ ਵਿਚਲੀ ਮਿਠਾਸ ਅਤੇ ਸੱਭਿਆਚਾਰ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਪੰਜਾਬੀ ਉਲੰਪਿਆਡ ਆਯੋਜਿਤ ਕਰਨ ਦਾ ਫੈਸਲਾ ਕਰਕੇ ਮੌਜੂਦਾ ਅਤੇ ਆਉਣ ਵਾਲੀਆਂ

ਪੀੜ੍ਹੀਆਂ ਨੂੰ ਭਾਸ਼ਾ ਦੀਆਂ ਸੂਖਮ ਵਿਸ਼ੇਸ਼ਤਾਵਾਂ ਤੋਂ ਜਾਣੂੰ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਕਿਸ਼ੋਰਾਂ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਨਾਲ਼ ਵਿਸ਼ਵ ਭਰ ਵਿੱਚ ਪੰਜਾਬੀ ਭਾਸ਼ਾ ਨਾਲ ਜੁੜਨ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪਹਿਲੀ ਵਾਰ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ (ਆਈ. ਪੀ. ਐਲ. ਓ.) ਆਨਲਾਈਨ ਮੋਡ ਵਿੱਚ ਕਰਵਾਉਣ ਦੀ ਯੋਜਨਾ ਬਣਾਈ ਹੈ ਜੋ ਕਿ 09-10 ਦਸੰਬਰ, 2023 ਨੂੰ ਹੋਣ ਜਾ ਰਿਹਾ ਹੈ। ਆਈ.ਪੀ.ਐਲ.ਓ-2023 ਲਈ ਰਜਿਸਟ੍ਰੇਸ਼ਨ ਮਿਤੀ 25.10.2023 ਤੋਂ ਸ਼ੁਰੂ ਹੋ ਚੁੱਕੀ ਹੈ, ਜੋ ਮਿਤੀ 20.11.2023 ਤੱਕ ਜਾਰੀ ਰਹੇਗੀ। ਪੰਜਾਬੀ ਉਲੰਪਿਆਡ ਸੰਬੰਧੀ ਸਿਲੇਬਸ, ਭਾਗ ਲੈਣ ਦੀਆਂ ਸ਼ਰਤਾਂ ਅਤੇ ਯੋਗਤਾਵਾਂ, ਫੀਸ ਅਤੇ ਹੋਰ ਵੇਰਵੇ ਇਸ ਪੱਤਰ ਦੇ ਨਾਲ ਆਈ.ਪੀ.ਐਲ.ਓ.-2023 ਲਈ ਪੜ੍ਹਨ-ਸਮੱਗਰੀ ਦੇ ਨਾਲ਼ ਨੱਥੀ ਕੀਤੇ ਗਏ ਹਨ ਜੋ ਕਿ ਇੰਸਟਾਗ੍ਰਾਮ ਅਤੇ ਫੇਸਬੁੱਕ ਪੇਜ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ https://www.olympiad.pseb.ac.in. 'ਤੇ ਵੀ ਉਪਲੱਬਧ ਹਨ।

ਦੇਸ਼-ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਲਈ ਬੋਰਡ ਵੱਲੋਂ ਕੀਤੇ ਜਾ ਰਹੇ ਉਪਰਾਲੇ ਸਬੰਧੀ ਆਪ ਨੂੰ ਬੇਨਤੀ ਹੈ ਕਿ ਆਪ ਦੀ ਸੰਸਥਾ ਨਾਲ ਜੁੜੇ ਅਤੇ ਆਪ ਦੇ ਸੰਪਰਕ ਵਿੱਚ ਆਉਂਦੇ ਵਿਦਿਆਰਥੀਆਂ ਨੂੰ ਇਸ ਪੰਜਾਬੀ ਉਲੰਪਿਆਡ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਉਹ IPLO 2023 ਦਾ ਹਿੱਸਾ ਬਣਕੇ ਮੌਕੇ ਦਾ ਲਾਭ ਉਠਾ ਸਕਣ। ਸਮੂਹ ਸਕੂਲ ਮੁੱਖੀ ਆਪਣੇ ਸਕੂਲ ਅਧੀਨ ਪੜ੍ਹ ਰਹੇ ਯੋਗ (ਉਮਰ 13 ਤੋਂ 17 ਸਾਲ) ਪ੍ਰੀਖਿਆਰਥੀਆਂ ਦੀ ਸਕੂਲ ਪੱਧਰ ਤੇ ਰਜਿਸਟ੍ਰੇਸ਼ਨ ਕਰਾਵਉਣ ਵਿੱਚ ਮਦਦ ਕਰਨ ਦੀ ਖੇਚਲ ਕਰਨ।

ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਇਸ ਪ੍ਰੋਜੈਕਟ ਲਈ ਨੋਡਲ ਅਫ਼ਸਰ ਸ਼੍ਰੀਮਤੀ ਸੀਮਾ ਚਾਵਲਾ (+91-98760-92222, seemapseb@gmail.com) ਅਤੇ ਸ਼੍ਰੀਮਤੀ ਉਪਨੀਤ ਕੌਰ (+91-98883-11140, u.grewal@yahoo.com) ਹਨ, ਜਿਨ੍ਹਾਂ ਨਾਲ IPLO 2023 ਬਾਰੇ ਕਿਸੇ ਵੀ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਕੰਟਰੋਲਰ ਪ੍ਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ।

ਉਪਰਕੋਤ ਦਾ ਉਤਾਰਾ ਨਿਮਨਲਿਖਤ ਨੂੰ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਉਕਤ ਸਬੰਧੀ ਕਾਰਵਾਈ ਕਰਵਾਉਣ ਲਈ ਭੇਜਿਆ ਜਾ ਰਿਹਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈਕੰਡਰੀ)
2. ਸਮੂਹ ਜਿਲ੍ਹਾ ਖੇਤਰੀ ਦਫ਼ਤਰ(ਪਸਸਬ)

ਕੰਟਰੋਲਰ ਪ੍ਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ।